Punjabi | ਪੰਜਾਬੀ

Government of South Australia

human services

# ਸਾਊਥ ਆਸਟ੍ਰੇਲੀਆਈ
# Adult Safeguarding Unit
# (ਬਾਲਗ਼ ਸੁਰੱਖਿਆ ਯੂਨਿਟ)



## ਕੀ ਤੁਸੀਂ ਜਾਂ ਤੁਹਾਡੀ ਜਾਣ-ਪਛਾਣ ਵਿੱਚੋਂ ਕੋਈ ਬੁਰੇ ਵਰਤਾਓ ਜਾਂ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ?

ਤੁਸੀਂ Adult Safeguarding Unit ਨਾਲ ਸੰਪਰਕ ਕਰ ਸਕਦੇ ਹੋ।

- ਅਸੀਂ ਗੁਪਤ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੇ ਹਾਂ।
- ਅਸੀਂ ਬਾਲਗਾਂ ਨਾਲ ਹੋ ਰਹੇ ਸ਼ੋਸ਼ਣ ਦੀ ਇਤਲਾਹ ਪ੍ਰਤੀ ਜਵਾਬੀ ਕਾਰਵਾਈ ਕਰਦੇ ਹਾਂ।
- ਅਸੀਂ ਉਹਨਾਂ ਬਾਲਗਾਂ ਦੀ ਸਹਾਇਤਾ ਕਰਦੇ ਹਾਂ ਜਿਨ੍ਹਾਂ ਨਾਲ ਸ਼ੋਸ਼ਣ ਜਾਂ ਬੁਰਾ ਵਰਤਾਓ ਹੋ ਰਿਹਾ ਹੈ।

**ਸਾਡੀਆਂ ਸੇਵਾਵਾਂ ਮੁਫ਼ਤ ਹਨ।**

# ਅਸੀਂ ਇਹਨਾਂ ਨਾਲ ਕੰਮ ਕਰਦੇ ਹਾਂ:

- ਬਜ਼ੁਰਗ ਲੋਕ।
- ਅਪਾਹਜਤਾ ਵਾਲੇ ਲੋਕ।
- ਸਿਹਤ ਸਮੱਸਿਆਵਾਂ ਵਾਲੇ ਲੋਕ।
- ਉਹ ਲੋਕ ਜੋ ਇਕੱਲੇ ਰਹਿੰਦੇ ਹਨ।
- ਉਹ ਲੋਕ ਜੋ ਦੇਖਭਾਲ ਲਈ ਦੂਜਿਆਂ 'ਤੇ ਨਿਰਭਰ ਕਰਦੇ ਹਨ।
- ਉਹ ਲੋਕ ਜਿਨ੍ਹਾਂ ਨੂੰ ਕਿਸੇ ਕਾਰਨ ਕਰਕੇ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ।



## ਸੇਫ਼ਗਾਰਡਿੰਗ ਕੀ ਹੁੰਦੀ ਹੈ?

ਸੇਫ਼ਗਾਰਡਿੰਗ ਉਹ ਕਦਮ ਹਨ ਜੋ ਕਿਸੇ ਨੂੰ ਸੁਰੱਖਿਅਤ ਰੱਖਣ ਲਈ ਚੁੱਕੇ ਜਾਂਦੇ ਹਨ। ਇਸ ਵਿੱਚ ਉਹਨਾਂ ਲੋਕਾਂ ਦੀ ਮੱਦਦ ਕਰਨਾ ਸ਼ਾਮਲ ਹੈ ਜੋ ਸ਼ੋਸ਼ਣ ਜਾਂ ਬੁਰੇ ਵਰਤਾਓ ਦਾ ਸ਼ਿਕਾਰ ਹੋ ਰਹੇ ਹਨ। ਅਸੀਂ ਉਹਨਾਂ ਦੀ ਸਿਹਤ, ਭਲਾਈ ਅਤੇ ਅਧਿਕਾਰਾਂ ਦੀ ਸੁਰੱਖਿਆ ਕਰਨ ਵਿੱਚ ਮੱਦਦ ਕਰਦੇ ਹਾਂ।

ਸਾਡਾ ਟੀਚਾ ਲੋਕਾਂ ਨੂੰ ਸੁਰੱਖਿਅਤ ਰੱਖਣਾ ਅਤੇ ਉਹਨਾਂ ਨੂੰ ਸ਼ੋਸ਼ਣ ਤੋਂ ਮੁਕਤ ਜੀਵਨ ਜਿਉਣ ਵਿੱਚ ਸਹਾਇਤਾ ਕਰਨਾ ਹੈ।

## ਸੋਸ਼ਣ ਜਾਂ ਬੁਰਾ ਵਰਤਾਓ ਕੀ ਹੁੰਦਾ ਹੈ?

ਸੋਸ਼ਣ ਜਾਂ ਬੁਰਾ ਵਰਤਾਓ ਉਹ ਹੁੰਦਾ ਹੈ ਜਦੋਂ ਕੋਈ:

- ਤੁਹਾਨੂੰ ਸੱਟ ਪਹੁੰਚਾਉਂਦਾ ਹੈ
- ਤੁਹਾਨੂੰ ਡਰਾਉਂਦਾ ਹੈ
- ਤੁਹਾਡੇ ਤੋਂ ਚੀਜ਼ਾਂ ਲੈਂਦਾ ਹੈ
- ਤੁਹਾਡੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਅਤੇ ਇਹ ਨਿਯੰਤਰਿਤ ਕਰਦਾ ਹੈ ਕਿ ਤੁਸੀਂ ਕੀ ਕਰ ਸਕਦੇ ਹੋ
- ਤੁਹਾਨੂੰ ਜੋ ਦੇਖਭਾਲ ਜਾਂ ਸਨਮਾਨ ਮਿਲਣਾ ਚਾਹੀਦਾ ਹੈ, ਉਹ ਨਹੀਂ ਦਿੰਦਾ ਹੈ।

ਸ਼ੋਸ਼ਣ ਅਤੇ ਬੁਰਾ ਵਰਤਾਓ ਕਿਸੇ ਨਾਲ ਵੀ ਹੋ ਸਕਦਾ ਹੈ।

# ਸ਼ੋਸ਼ਣ ਜਾਂ ਬੁਰੇ ਵਰਤਾਓ ਨੂੰ ਪਛਾਣਨਾ

ਸ਼ੋਸ਼ਣ ਜਾਂ ਬੁਰੇ ਵਰਤਾਓ ਕਦੇ ਵੀ ਠੀਕ ਨਹੀਂ ਹੁੰਦਾ।

ਸ਼ੋਸ਼ਣ ਜਾਂ ਬੁਰਾ ਵਰਤਾਓ ਕਿਸੇ ਨਾਲ ਵੀ ਹੋ ਸਕਦਾ ਹੈ। ਇਹ ਅਕਸਰ ਕਿਸੇ ਅਜਿਹੇ ਵਿਅਕਤੀ ਤੋਂ ਆ ਸਕਦਾ ਹੈ ਜਿਸਨੂੰ ਤੁਸੀਂ ਜਾਣਦੇ ਹੋ ਅਤੇ ਭਰੋਸਾ ਕਰਦੇ ਹੋ।

ਸ਼ੋਸ਼ਣ ਜਾਂ ਬੁਰਾ ਵਰਤਾਓ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਹੋ ਸਕਦਾ ਹੈ। ਇਹ ਉਦੋਂ ਵੀ ਹੋ ਸਕਦਾ ਹੈ ਜਦੋਂ ਕੋਈ ਤੁਹਾਡੀ ਸਹੀ ਤਰੀਕੇ ਨਾਲ ਦੇਖਭਾਲ ਨਹੀਂ ਕਰਦਾ ਹੈ।

ਕਈ ਵਾਰ, ਲੋਕਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਨਾਲ ਜੋ ਕੁੱਝ ਹੋ ਰਿਹਾ ਹੈ ਉਹ ਸ਼ੋਸ਼ਣ ਜਾਂ ਬੁਰਾ ਵਰਤਾਓ ਹੈ।


- ਤੁਹਾਨੂੰ ਸ਼ਾਇਦ ਇਹ ਅਹਿਸਾਸ ਨਾ ਹੋਵੇ ਕਿ ਕੋਈ ਤੁਹਾਡੇ ਨਾਲ ਸ਼ੋਸ਼ਣ ਜਾਂ ਬੁਰਾ ਵਰਤਾਓ ਕਰ ਰਿਹਾ ਹੈ।
- ਲੋਕਾਂ ਨੂੰ ਸ਼ਾਇਦ ਇਹ ਪਤਾ ਨਾ ਹੋਵੇ ਕਿ ਉਹ ਕਿਸੇ ਨਾਲ ਸ਼ੋਸ਼ਣ ਜਾਂ ਬੁਰਾ ਵਰਤਾਓ ਕਰ ਰਹੇ ਹਨ।

# ਸ਼ੋਸ਼ਣ ਜਾਂ ਬੁਰਾ ਵਰਤਾਓ ਕਿਹੋ ਜਿਹੀ ਦਿਖਾਈ ਦੇ ਸਕਦਾ ਹੈ?



### ਭਾਵਨਾਤਮਕ

ਜਦੋਂ ਕੋਈ ਵਿਅਕਤੀ ਤੁਹਾਨੂੰ ਅਕਸਰ ਡਰ ਜਾਂ ਸ਼ਰਮਿੰਦਗੀ ਮਹਿਸੂਸ ਕਰਵਾਉਂਦਾ ਹੈ, ਜਾਂ ਤੁਹਾਨੂੰ ਗ਼ਲਤ ਨਾਮ ਲੈ ਨਾਲ ਪੁਕਾਰਦਾ ਹੈ।



### ਸਰੀਰਕ

ਜਦੋਂ ਕੋਈ ਤੁਹਾਨੂੰ ਨੁਕਸਾਨ ਜਾਂ ਸੱਟ ਪਹੁੰਚਾਉਂਦਾ ਹੈ। ਉਦਾਹਰਨ ਲਈ, ਤੁਹਾਨੂੰ ਮਾਰਨਾ-ਕੁੱਟਣਾ ਜਾਂ ਤੁਹਾਨੂੰ ਲੱਤਾਂ ਮਾਰਨਾ।



### ਜਿਨਸੀ

ਜਦੋਂ ਕੋਈ ਤੁਹਾਨੂੰ ਜਿਨਸੀ ਗਤੀਵਿਧੀ ਲਈ ਮਜਬੂਰ ਕਰਦਾ ਹੈ ਜਾਂ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਨੂੰ ਹੱਥ ਲਾਉਂਦਾ ਹੈ।



### ਵਿੱਤੀ

ਜਦੋਂ ਕੋਈ ਵਿਅਕਤੀ ਤੁਹਾਡੇ ਪੈਸੇ ਵਰਤਦਾ ਹੈ ਜਾਂ ਤੁਹਾਡੀ ਇੱਛਾ ਤੋਂ ਬਿਨ੍ਹਾਂ ਤੁਹਾਡੇ ਦਸਤਾਵੇਜ਼ਾਂ ਨੂੰ ਬਦਲਦਾ ਹੈ। ਉਦਾਹਰਨ ਲਈ, ਤੁਹਾਡੀ ਵਸੀਅਤ ਜਾਂ ਮੁਖਤਿਆਰਨਾਮਾ।



### ਅਣਗਹਿਲੀ

ਜਦੋਂ ਕੋਈ ਤੁਹਾਨੂੰ ਉਹ ਭੋਜਨ, ਧਿਆਨ ਜਾਂ ਦੇਖਭਾਲ ਨਹੀਂ ਦਿੰਦਾ ਜਿਸਦੀ ਤੁਹਾਨੂੰ ਲੋੜ ਹੈ।

ਸ਼ੋਸ਼ਣ ਜਾਂ ਬੁਰੇ ਵਰਤਾਓ ਬਾਰੇ ਗੱਲ ਕਰਨਾ ਮੁਸ਼ਕਿਲ ਹੋ ਸਕਦਾ ਹੈ। ਤੁਸੀਂ ਇਕੱਲੇ ਨਹੀਂ ਹੋ। ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।

# ਸ਼ੋਸ਼ਣ ਕਿਹੋ ਜਿਹਾ ਮਹਿਸੂਸ ਹੁੰਦਾ ਹੈ?

ਸ਼ੋਸ਼ਣ ਜਾਂ ਬੁਰਾ ਵਰਤਾਓ ਤੁਹਾਨੂੰ ਬਹੁਤ ਸਾਰੀਆਂ ਚੀਜ਼ਾਂ ਦਾ ਅਹਿਸਾਸ ਕਰਵਾ ਸਕਦਾ ਹੈ।

ਤੁਸੀਂ ਮਹਿਸੂਸ ਕਰ ਸਕਦੇ ਹੋ:

- ਉਹ ਕਹਿਣਾ ਸੁਰੱਖਿਅਤ ਨਹੀਂ ਹੈ ਜੋ ਤੁਸੀਂ ਕਹਿਣਾ ਚਾਹੁੰਦੇ ਹੋ।
- ਦੂਜੇ ਲੋਕਾਂ ਤੋਂ ਅਲੱਗ ਕੀਤੇ ਗਏ।
- ਡਰੇ ਹੋਏ, ਪ੍ਰੇਸ਼ਾਨ, ਸ਼ਰਮਿੰਦਾ ਜਾਂ ਬੇਕਾਰ।

# ਅਸੀਂ ਕੀ ਕਰਦੇ ਹਾਂ

ਅਸੀਂ ਤੁਹਾਡੀ ਉਹ ਸਹਾਇਤਾ ਅਤੇ ਸੇਵਾਵਾਂ ਪ੍ਰਾਪਤ ਕਰਨ ਵਿੱਚ ਮੱਦਦ ਕਰ ਸਕਦੇ ਹਾਂ ਜੋ ਤੁਹਾਡੀ ਸੁਰੱਖਿਆ ਲਈ ਲੋੜੀਂਦੀਆਂ ਹਨ।

ਅਸੀਂ ਤੁਹਾਡੀਆਂ ਲੋੜਾਂ, ਅਧਿਕਾਰਾਂ ਅਤੇ ਚੀਜ਼ਾਂ ਨੂੰ ਸਮਝਣ ਲਈ ਤੁਹਾਡੇ ਨਾਲ ਕੰਮ ਕਰਦੇ ਹਾਂ ਜੋ ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨਗੀਆਂ।

ਇੱਥੇ ਕੁੱਝ ਉਦਾਹਰਨਾਂ ਹਨ ਕਿ ਅਸੀਂ ਕਿਵੇਂ ਮੱਦਦ ਕਰ ਸਕਦੇ ਹਾਂ:

- ਤੁਹਾਨੂੰ ਗੁਪਤ ਜਾਣਕਾਰੀ ਅਤੇ ਸਲਾਹ ਦੇ ਕੇ
- ਪੁਲਿਸ ਨੂੰ ਰਿਪੋਰਟ ਕਰਨ ਵਿੱਚ ਤੁਹਾਡੀ ਮੱਦਦ ਕਰਕੇ
- ਆਪਣੀ ਸਥਿਤੀ ਬਾਰੇ ਹੋਰ ਪਤਾ ਲਗਾਉਣ ਲਈ ਜਾਂਚ ਕਰਕੇ ਤਾਂ ਜੋ ਅਸੀਂ ਤੁਹਾਡੀ ਸਹਾਇਤਾ ਕਰਨ ਅਤੇ ਤੁਹਾਨੂੰ ਸੁਰੱਖਿਅਤ ਰੱਖਣ ਲਈ ਇੱਕ ਯੋਜਨਾ ਬਣਾਉਣ ਵਿੱਚ ਤੁਹਾਡੀ ਮੱਦਦ ਕਰ ਸਕੀਏ। ਜਾਂਚ ਦਾ ਮਤਲਬ ਹੋਰ ਜਾਣਕਾਰੀ ਇਕੱਠੀ ਕਰਨਾ ਹੈ।
- ਤੁਹਾਡੀ ਸੁਰੱਖਿਆ ਲਈ ਯੋਜਨਾ ਬਣਾਉਣ ਵਿੱਚ ਤੁਹਾਡੀ ਮੱਦਦ ਕਰਦੇ ਹਾਂ। ਉਦਾਹਰਨ ਵਜੋਂ, ਇੰਟਰਵੈਨਸ਼ਨ ਆਰਡਰ ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮੱਦਦ ਕਰਦੇ ਹਾਂ।

- ਇੰਟਰਵੈਨਸ਼ਨ ਆਰਡਰ ਕਿਸੇ ਵਿਅਕਤੀ ਨੂੰ ਤੁਹਾਡੇ ਨੇੜੇ ਆਉਣ ਜਾਂ ਕੁੱਝ ਖ਼ਾਸ ਚੀਜ਼ਾਂ ਕਰਨ ਤੋਂ ਰੋਕਦਾ ਹੈ। ਉਦਾਹਰਨ ਲਈ, ਤੁਹਾਨੂੰ ਫ਼ੋਨ ਕਰਨ ਜਾਂ ਮੈਸੇਜ ਭੇਜਣ ਤੋਂ ਰੋਕਣਾ।
- ਸਹਾਇਤਾ ਅਤੇ ਸੇਵਾਵਾਂ ਪ੍ਰਾਪਤ ਕਰਨ ਵਿੱਚ ਤੁਹਾਡੀ ਮੱਦਦ ਕਰਨਾ। ਉਦਾਹਰਨ ਲਈ, ਬਜ਼ੁਰਗ ਦੇਖਭਾਲ ਜਾਂ NDIS (National Disability Insurance Scheme). (ਰਾਸ਼ਟਰੀ ਅਪੰਗਤਾ ਬੀਮਾ ਯੋਜਨਾ)।
- ਤੁਹਾਡੇ ਪੈਸੇ, ਅਧਿਕਾਰਾਂ ਜਾਂ ਫ਼ੈਸਲਿਆਂ ਦੀ ਸੁਰੱਖਿਆ ਕਰਨ ਲਈ ਫਾਰਮ ਭਰਨ ਵਿੱਚ ਤੁਹਾਡੀ ਮੱਦਦ ਕਰਨਾ।

## ਅਸੀਂ ਸੇਵਾਵਾਂ ਅਤੇ ਭਾਈਚਾਰੇ ਨਾਲ ਮਿਲ ਕੇ ਕੰਮ ਕਰਦੇ ਹਾਂ

ਸੇਫ਼ਗਾਰਡਿੰਗ ਦਾ ਮਤਲਬ ਉਹ ਕਦਮ ਲੈਣਾ ਹੈ ਜੋ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਕਰਦੇ ਹਨ। ਇਹ ਸਭ ਦੀ ਜ਼ਿੰਮੇਵਾਰੀ ਹੈ।

ਸੇਵਾਵਾਂ, ਗੁਆਂਢੀਆਂ, ਦੋਸਤਾਂ, ਪਰਿਵਾਰਾਂ ਅਤੇ ਭਾਈਚਾਰਕ ਸਮੂਹਾਂ ਦੇ ਨਾਲ ਮਿਲ ਕੇ ਕੰਮ ਕਰਨ ਰਾਹੀਂ, ਅਸੀਂ ਬਾਲਗਾਂ ਨੂੰ ਉਹ ਮੱਦਦ ਪ੍ਰਦਾਨ ਕਰ ਸਕਦੇ ਹਾਂ ਜੋ ਉਹਨਾਂ ਨੂੰ ਚਾਹੀਦੀ ਅਤੇ ਲੋੜੀਂਦੀ ਹੈ।

## ਲੋਕ ਸਾਡੀ ਮੱਦਦ ਸਵੀਕਾਰ ਜਾਂ ਠੁਕਰਾਉਣ ਦਾ ਹੱਕ ਰੱਖਦੇ ਹਨ

ਅਸੀਂ ਕਿਸੇ ਵਿਅਕਤੀ ਦੇ ਮੱਦਦ ਸਵੀਕਾਰ ਜਾਂ ਠੁਕਰਾਉਣ ਦੇ ਅਧਿਕਾਰ ਦਾ ਆਦਰ ਕਰਦੇ ਹਾਂ।

ਜੇਕਰ ਕੋਈ ਵਿਅਕਤੀ ਸਾਡੀ ਮੱਦਦ ਲੈਣ ਲਈ ਸਹਿਮਤ ਹੁੰਦਾ ਹੈ ਤਾਂ ਇਸਨੂੰ ਸਹਿਮਤੀ ਦੇਣਾ ਕਿਹਾ ਜਾਂਦਾ ਹੈ। ਅਸੀਂ ਕਿਸੇ ਦੀ ਸਹਿਮਤੀ ਤੋਂ ਬਿਨਾਂ ਕੇਵਲ ਇਹ ਹਾਲਾਤਾਂ ਵਿੱਚ ਕਾਰਵਾਈ ਕਰਾਂਗੇ:

- ਜੇਕਰ ਉਹ ਆਪਣੇ ਲਈ ਫ਼ੈਸਲੇ ਨਹੀਂ ਲੈ ਸਕਦੇ ਹੋਣ ਜਾਂ
- ਜੇਕਰ ਉਹ ਗੰਭੀਰ ਨੁਕਸਾਨ ਦੇ ਖ਼ਤਰੇ ਵਿੱਚ ਹੋਣ।

# ਅਸੀਂ ਕੀ ਨਹੀਂ ਕਰਦੇ

**ਅਸੀਂ ਸੇਵਾਵਾਂ ਦੀ ਨਕਲ ਨਹੀਂ ਕਰਦੇ**

ਅਸੀਂ ਤੁਹਾਨੂੰ ਸਾਊਥ ਆਸਟ੍ਰੇਲੀਆ ਵਿੱਚ ਉਹ ਸੇਵਾਵਾਂ ਪ੍ਰਾਪਤ ਕਰਨ ਵਿੱਚ ਮੱਦਦ ਕਰਦੇ ਹਾਂ ਜੋ ਤੁਹਾਡੇ ਲਈ ਸਭ ਤੋਂ ਵਧੀਆ ਸਹਾਇਤਾ ਪ੍ਰਦਾਨ ਕਰ ਕਰ ਸਕਦੀਆਂ ਹਨ।

**ਅਸੀਂ ਪੁਲਿਸ ਨਹੀਂ ਹਾਂ**

ਅਸੀਂ ਤੁਹਾਡੇ ਨਾਲ ਸੋਸ਼ਣ ਜਾਂ ਬੁਰਾ ਵਰਤਾਓ ਕਰਨ ਵਾਲੇ ਵਿਅਕਤੀ ਨੂੰ ਸਜ਼ਾ ਨਹੀਂ ਦਿੰਦੇ ਹਾਂ।

ਜੇਕਰ ਸਾਨੂੰ ਲੱਗਦਾ ਹੈ ਕਿ ਕੋਈ ਗੰਭੀਰ ਅਪਰਾਧ ਹੋਇਆ ਹੈ, ਤਾਂ ਅਸੀਂ ਪੁਲਿਸ ਨੂੰ ਕਾਲ ਕਰਾਂਗੇ, ਜਾਂ ਪੁਲਿਸ ਨੂੰ ਕਾਲ ਕਰਨ ਵਿੱਚ ਤੁਹਾਡੀ ਮੱਦਦ ਕਰਾਂਗੇ।

**ਅਸੀਂ ਕੋਈ ਧਾਰਨਾ ਕਾਇਮ ਨਹੀਂ ਕਰਦੇ ਹਾਂ**

ਅਸੀਂ ਤੁਹਾਡੀ ਮਰਜ਼ੀ ਦਾ ਸਨਮਾਨ ਕਰਦੇ ਹਾਂ, ਭਾਵੇਂ ਤੁਸੀਂ ਉਸ ਵਿਅਕਤੀ ਨਾਲ ਰਹਿਣਾ ਦੀ ਚੋਣ ਕਰਦੇ ਹੋ ਜੋ ਤੁਹਾਡੇ ਨਾਲ ਸ਼ੋਸ਼ਣ ਜਾਂ ਬੁਰਾ ਵਰਤਾਓ ਕਰ ਰਿਹਾ ਹੈ।

**ਅਸੀਂ ਹੋਰ ਸੇਵਾਵਾਂ ਬਾਰੇ ਸ਼ਿਕਾਇਤਾਂ ਦੀ ਜਾਂਚ ਨਹੀਂ ਕਰਦੇ ਹਾਂ**

ਜੇਕਰ ਤੁਸੀਂ ਸਾਨੂੰ ਕਿਸੇ ਸੇਵਾ ਪ੍ਰਦਾਤਾ ਸੰਬੰਧੀ ਕਿਸੇ ਸਮੱਸਿਆ ਬਾਰੇ ਦੱਸਦੇ ਹੋ, ਤਾਂ ਅਸੀਂ ਗੱਲ ਕਰਨ ਲਈ ਸਹੀ ਲੋਕਾਂ ਨੂੰ ਲੱਭਣ ਵਿੱਚ ਤੁਹਾਡੀ ਮੱਦਦ ਕਰਾਂਗੇ। ਤੁਸੀਂ ਸੇਵਾ ਪ੍ਰਦਾਤਾ ਨਾਲ ਸਿੱਧੀ ਗੱਲ ਵੀ ਕਰ ਸਕਦੇ ਹੋ।

ਇੱਥੇ ਕੁੱਝ ਸੰਪਰਕ ਹਨ ਜਿਨ੍ਹਾਂ ਨਾਲ ਤੁਸੀਂ ਸੇਵਾ ਪ੍ਰਦਾਤਾਵਾਂ ਨਾਲ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਗੱਲ ਕਰ ਸਕਦੇ ਹੋ।

**Aged Care Quality and Safety Commission (ਬਜ਼ੁਰਗ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ)**

**1800 951 822** 'ਤੇ ਫ਼ੋਨ ਕਰੋ ਜਾਂ www.agedcarequality.gov.au 'ਤੇ ਜਾਓ।

**NDIS Quality and Safeguards Commission (NDIS ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ)**

**1800 800 110** 'ਤੇ ਫ਼ੋਨ ਕਰੋ ਜਾਂ www.ndis.gov.au 'ਤੇ ਜਾਓ।

**Health and Community Services Complaints Commissioner (ਸਿਹਤ ਅਤੇ ਭਾਈਚਾਰਕ ਸੇਵਾਵਾਂ ਸ਼ਿਕਾਇਤਾਂ ਕਮਿਸ਼ਨਰ)**

**1800 232 007** 'ਤੇ ਫ਼ੋਨ ਕਰੋ ਜਾਂ www.hcscc.sa.gov.au 'ਤੇ ਜਾਓ।

**Ombudsman SA** (ਓਮਬਡਸਮੈਨ **SA)**

**8226 8699** ਜਾਂ **1800 182 150** 'ਤੇ ਫ਼ੋਨ ਕਰੋ ਜਾਂ www.ombudsman.sa.gov.au 'ਤੇ ਜਾਓ।

## ਸਾਡੇ ਨਾਲ ਸੰਪਰਕ ਕਰੋ

ਫ਼ੋਨ **1800 372 310**

ਈ-ਮੇਲ adultsafeguardingunit@sa.gov.au

ਔਨਲਾਈਨ www.dhs.sa.gov.au/adultsafeguarding

### ਐਮਰਜੈਂਸੀ ਵਿੱਚ

ਅਸੀਂ ਕੋਈ ਐਮਰਜੈਂਸੀ ਸੇਵਾ ਨਹੀਂ ਹਾਂ।

- ਜੇਕਰ ਕਿਸੇ ਦੀ ਜਾਨ ਨੂੰ ਖ਼ਤਰਾ ਹੈ, ਤਾਂ **000** (ਟ੍ਰਿਪਲ ਜ਼ੀਰੋ) 'ਤੇ ਫ਼ੋਨ ਕਰੋ।
- ਜੇਕਰ ਤੁਹਾਨੂੰ ਪੁਲਿਸ ਨਾਲ ਗੱਲ ਕਰਨ ਦੀ ਲੋੜ ਹੈ, ਤਾਂ **131 444** 'ਤੇ ਫ਼ੋਨ ਕਰੋ।

## ਸੰਚਾਰ ਸਹਾਇਤਾ

- Translating and Interpreting Services (ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ) (TIS National):
  ਫ਼ੋਨ **131 450**.
- ਰਾਸ਼ਟਰੀ ਰੀਲੇਅ ਸੇਵਾ: www.accesshub.gov.au
- ਆਦਿਵਾਸੀ ਭਾਸ਼ਾ ਦੀ ਦੁਭਾਸ਼ੀਆ ਸੇਵਾ:
  ਫ਼ੋਨ **1800 280 203** ਜਾਂ www.translate.sa.gov.au/ALIS 'ਤੇ ਜਾਓ।

# Adult Safeguarding Unit
# ਬਾਰੇ ਫੀਡਬੈਕ ਅਤੇ ਸ਼ਿਕਾਇਤਾਂ

ਅਸੀਂ ਸਭ ਤੋਂ ਵਧੀਆ ਸੰਭਵ ਸੇਵਾ ਪ੍ਰਦਾਨ ਕਰਨ ਦਾ ਟੀਚਾ ਰੱਖਦੇ ਹਾਂ। ਜੇਕਰ ਤੁਸੀਂ ਸਾਨੂੰ ਫੀਡਬੈਕ ਦੇਣਾ ਚਾਹੁੰਦੇ ਹੋ ਜਾਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ

- **1800 372 310** ‘ਤੇ ਫ਼ੋਨ ਕਰਕੇ ਜਾਂ
  ASUcomplaintsandfeedback@sa.gov.au ‘ਤੇ ਈ-ਮੇਲ ਕਰ

- ਇਸ ਪਤੇ ‘ਤੇ ਇੱਕ ਪੱਤਰ ਭੇਜੋ:
  Director, Adult Safeguarding Unit
  PO Box 196
  Rundle Mall SA 5000

ਸਾਡੀ ਫੀਡਬੈਕ ਅਤੇ ਸ਼ਿਕਾਇਤਾਂ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਸਾਡੀ ਵੈੱਬਸਾਈਟ ‘ਤ ਉ ਰ ਲ ੈ ੀ ੀਂ।

**ਵਧੇਰੇ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ**

Adult Safeguarding Unit

**ਈ-ਮੇਲ:** adultsafeguardingunit@sa.gov.au

**ਵੈੱਬਸਾਈਟ:** www.dhs.sa.gov.au/adultsafeguarding

Public - IA - A1

© Department of Human Services
Government of South Australia. ਸਾਰੇ ਹੱਕ ਰਾਖਵੇਂ ਹਨ। ਅਕਤੂਬਰ 2024